# Visit of Chief of Army Staff and Foreign Secretary to Myanmar (October 4-5, 2020)

October 05, 2020

## ਸੈਨਾ ਪ੍ਰਮੁੱਖ  ਅਤੇ ਵਿਦੇਸ਼ ਸਕੱਤਰ ਦੀ ਮਿਆਂਮਾਰ ਦੀ ਫੇਰੀ (4-5 ਅਕਤੂਬਰ, 2020)

5 ਅਕਤੂਬਰ, 2020

ਸੈਨਾ ਪ੍ਰਮੁੱਖ (CoAS) ਜਨਰਲ ਐਮ. ਐਮ. ਨਰਵਣੇ, PVSM, AVSM, MM, VSM, ADC ਅਤੇ ਵਿਦੇਸ਼ ਸਕੱਤਰ (FS) ਹਰਸ਼ ਵਰਧਨ ਸ਼ਰਿੰਗਲਾ ਨੇ 4-5 ਅਕਤੂਬਰ, 2020 ਨੂੰ ਮਿਆਂਮਾਰ ਦਾ ਦੌਰਾ ਕੀਤਾ। ਇਸ ਦੌਰੇ ਨਾਲ ਪਿੱਛਲੇ ਸਾਲਾਂ ਅੰਦਰ ਦੁਵੱਲੇ ਸੰਬੰਧਾਂ ਵਿੱਚ ਹੋਈ ਤਰੱਕੀ, ਜਿਸ ਵਿੱਚ ਬਾਕਾਇਦਾ ਉੱਚ ਪੱਧਰੀ ਮੁਲਾਕਾਤਾਂ ਅਤੇ ਗੱਲਬਾਤ ਸ਼ਾਮਲ ਹਨ, ਦਾ ਜਾਇਜ਼ਾ ਲੈਣ ਦਾ ਮੌਕਾ ਮਿਲਿਆ।

CoAS ਅਤੇ FS ਨੇ ਸਟੇਟ ਕੌਂਸਲਰ ਡਾ. ਆਂਗ ਸਾਨ ਸੁ ਚੀ ਅਤੇ ਰੱਖਿਆ ਸੇਵਾਵਾਂ ਦੇ ਕਮਾਂਡਰ-ਇਨ-ਚੀਫ ਸੀਨੀਅਰ ਜਨਰਲ ਮਿਨ ਆਂਗ ਹਲਾਇੰਗ ਨਾਲ ਮੁਲਾਕਾਤ ਕੀਤੀ ਅਤੇ CoAS ਨੇ ਮਿਆਂਮਾਰ ਰੱਖਿਆ ਸੇਵਾਵਾਂ ਦੇ ਡਿਪਟੀ ਕਮਾਂਡਰ-ਇਨ-ਚੀਫ਼ ਸੀਨੀਅਰ ਜਨਰਲ ਸੋਈ ਵਿਨ ਨਾਲ ਮੁਲਾਕਾਤ ਕੀਤੀ। FS ਨੇ ਮਿਆਂਮਾਰ ਦੇ ਵਿਦੇਸ਼ ਮੰਤਰਾਲੇ ਦੇ ਸਥਾਈ ਸੱਕਤਰ ਯੂ ਸੋ ਹਾਨ ਨਾਲ ਮੁਲਾਕਾਤ ਕੀਤੀ। ਇਸ ਤੋਂ ਪਹਿਲਾਂ ਦੋਨਾਂ ਪੱਖਾਂ ਨੇ 1 ਅਕਤੂਬਰ, 2020 ਨੂੰ ਵਰਚੁਅਲ ਮਾਧਿਅਮ ਰਾਹੀਂ ਹੋਏ ਵਿਦੇਸ਼ੀ ਦਫਤਰ ਮਸ਼ਵਰੇ ਦੌਰਾਨ ਦੁਵੱਲੇ ਸਹਿਯੋਗ ਦੇ ਖੇਤਰਾਂ ਬਾਰੇ ਵਿਆਪਕ ਵਿਚਾਰ ਵਟਾਂਦਰੇ ਕੀਤੇ ਸਨ।

ਦੋਨੋਂ ਪੱਖ ਕਨੇਕਟੀਵਿਟੀ ਨਾਲ ਜੁੜੇ ਪ੍ਰਾਜੈਕਟਾਂ, ਸਮਰੱਥਾ ਨਿਰਮਾਣ, ਬਿਜਲੀ ਅਤੇ ਊਰਜਾ, ਆਰਥਿਕ ਅਤੇ ਵਪਾਰਕ ਸਬੰਧਾਂ ਨੂੰ ਹੋਰ ਡੂੰਘਾ ਕਰਨ, ਲੋਕਾਂ ਦੇ ਪੱਧਰ ‘ਤੇ ਅਤੇ ਸਭਿਆਚਾਰਕ ਵਟਾਂਦਰੇ ਨੂੰ ਹੋਰ ਮਜ਼ਬੂਤ ਕਰਨ, ਅਤੇ ਤਿੰਨਾਂ ਰੱਖਿਆ ਸੇਵਾਵਾਂ ਵਿੱਚ ਆਪਣੇ ਰੱਖਿਆ ਸਬੰਧੀ ਵਟਾਂਦਰੇ ਨੂੰ ਹੋਰ ਵਿਆਪਕ ਕਰਨ ਉੱਤੇ ਸਹਿਮਤ ਸਨ। COVID -19 ਮਹਾਂਮਾਰੀ ਕਾਰਨ ਪੈਦਾ ਹੋਈਆਂ ਚੁਣੌਤੀਆਂ ਨਾਲ ਨਜਿੱਠਣ ਲਈ ਸਹਿਯੋਗ ਨੂੰ ਹੋਰ ਡੂੰਘਾ ਕਰਨ ਲਈ ਉੱਤੇ ਵੀ ਸਹਿਮਤੀ ਹੋਈ। CoAS ਅਤੇ FS ਨੇ ਰੈਮਡੀਸਵੀਰ ਦੀਆਂ 3000 ਸ਼ੀਸ਼ੀਆਂ ਸਟੇਟ ਕੌਂਸਲਰ ਨੂੰ ਭੇਟ ਕੀਤੀਆਂ, ਜੋ ਮਹਾਂਮਾਰੀ ਵਿਰੁੱਧ ਇਸ ਜੰਗ ਵਿੱਚ ਭਾਰਤ ਵੱਲੋਂ ਮਿਆਂਮਾਰ ਦੀ ਮਦਦ ਕਰਨ ਪ੍ਰਤੀ ਭਾਰਤ ਦੀ ਪ੍ਰਤੀਬੱਧਤਾ ਦਾ ਪ੍ਰਤੀਕ ਹੈ। FS ਨੇ ਇਸ ਗੱਲ ਦਾ ਸੰਕੇਤ ਦਿੱਤਾ ਕਿ ਜਦੋਂ ਵੀ ਟੀਕੇ ਉਪਲਬਧ ਹੋਣਗੇ ਤਾਂ ਟੀਕੇ ਸਾਂਝੇ ਕਰਨ ਦੇ ਮਾਮਲੇ ਵਿੱਚ ਭਾਰਤ ਦੀ ਮਿਆਂਮਾਰ ਨੂੰ ਤਰਜੀਹ ਦੇਣ ਦੀ ਇੱਛਾ ਹੈ। ਮਿਆਂਮਾਰ ਨੇ 31 ਦਸੰਬਰ, 2020 ਤੱਕ G -20 ਕਰਜ਼ਾ ਭੁਗਤਾਨ ਮੁਅੱਤਲੀ ਪਹਿਲ ਤਹਿਤ ਕਰਜ਼ਾ ਭੁਗਤਾਨ ਰਾਹਤ ਦੇਣ ਸਬੰਧੀ ਭਾਰਤ ਦੇ ਫੈਸਲੇ ਦੀ ਸ਼ਲਾਘਾ ਕੀਤੀ।

ਦੋਵਾਂ ਧਿਰਾਂ ਨੇ ਫਿਲਹਾਲ ਭਾਰਤੀ ਸਹਾਇਤਾ ਨਾਲ ਚੱਲ ਰਹੇ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਜਿਵੇਂ ਤਿਕੋਣਾ ਹਾਈਵੇ ਅਤੇ ਕਲਦਾਨ ਮਲਟੀ-ਮਾਡਲ ਟ੍ਰਾਂਜਿਟ ਟਰਾਂਸਪੋਰਟ ਪ੍ਰੋਜੈਕਟ ਵਿੱਚ ਹੋਈ ਪ੍ਰਗਤੀ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ। ਉਨ੍ਹਾਂ ਨੇ ਯੇਮੇਥਿਨ ਮਹਿਲਾ ਪੁਲਿਸ ਅਕੈਡਮੀ ਦੇ ਸੁਧਾਰ, ਬੇਸਿਕ ਤਕਨੀਕੀ ਸਿਖਲਾਈ ਸਕੂਲ ਅਤੇ ਮਿਆਂਮਾਰ ਇੰਸਟੀਚਿਊਟ ਆਫ ਇਨਫਰਮੇਸ਼ਨ ਟੈਕਨਾਲੋਜੀ ਵਰਗੇ ਪ੍ਰਾਜੈਕਟਾਂ ਨੂੰ ਲੰਮੇ ਸਮੇਂ ਲਈ ਟਿਕਾਉਪੁਣਾ ਦੇਣ ਵਰਗੇ ਉਪਾਵਾਂ ਵਰਗੀਆਂ ਨਵੀਆਂ ਪਹਿਲਾਂ ਦੀ ਸ਼ੁਰੂਆਤ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ 2021 ਦੀ ਪਹਿਲੀ ਤਿਮਾਹੀ ਵਿੱਚ ਰਾਖੀਨ ਰਾਜ ਵਿਚ ਸਿੱਟਵੇ ਪੋਰਟ ਸ਼ੁਰੂ ਕਰਨ ਲਈ ਕੰਮ ਕਰਨ ਉੱਤੇ ਸਹਿਮਤੀ ਪ੍ਰਗਟਾਈ।

ਦੋਨਾਂ ਧਿਰਾਂ ਨੇ ਰਾਖੀਨ ਰਾਜ ਵਿਕਾਸ ਪ੍ਰੋਗਰਾਮ (RSDP) ਹੇਠ ਹੋਈ ਵੱਡੇ ਪੱਧਰ ਦੀ ਤਰੱਕੀ ਦਾ ਨੋਟਿਸ ਲਿਆ ਅਤੇ ਪ੍ਰੋਗਰਾਮ ਦੇ ਪੜਾਅ -III ਹੇਠ ਪ੍ਰਾਜੈਕਟਾਂ ਨੂੰ ਅੰਤਮ ਰੂਪ ਦੇਣ ਬਾਰੇ ਤਜਵੀਜ਼ ਰੱਖੀ, ਜਿਸ ਵਿੱਚ ਹੁਨਰ ਸਿਖਲਾਈ ਕੇਂਦਰ ਦੀ ਸਥਾਪਨਾ ਵੀ ਸ਼ਾਮਲ ਹੈ। ਇਸ ਦੌਰੇ ਦੇ ਦੌਰਾਨ RSDP ਹੇਠ ਖੇਤੀਬਾੜੀ ਮਸ਼ੀਨੀਕਰਨ ਵਿਚ ਹੋਰ ਸੁਧਾਰ ਕਰਨ ਦੇ ਪ੍ਰਾਜੈਕਟ ਬਾਰੇ ਸਮਝੌਤੇ 'ਤੇ ਹਸਤਾਖਰ ਵੀ ਹੋਏ। FS ਨੇ ਵਿਸਥਾਪਿਤ ਹੋਏ ਵਿਅਕਤੀਆਂ ਦੀ ਸੁਰੱਖਿਅਤ ਅਤੇ ਤੇਜ਼ ਤਰੀਕੇ ਨਾਲ ਰਾਖੀਨ ਰਾਜ ਵਿੱਚ ਵਾਪਸੀ ਨੂੰ ਯਕੀਨੀ ਬਣਾਉਣ ਵਿੱਚ ਦਿੱਤੀ ਭਾਰਤੀ ਮਦਦ ਦੀ ਜਾਣਕਾਰੀ ਦਿੱਤੀ।

ਦੋਨਾਂ ਧਿਰਾਂ ਨੇ ਆਪਣੇ ਸਰਹੱਦੀ ਇਲਾਕਿਆਂ ਵਿਚ ਸੁਰੱਖਿਆ ਅਤੇ ਸਥਿਰਤਾ ਕਾਇਮ ਰੱਖਣ ਬਾਰੇ ਵਿਚਾਰ ਵਟਾਂਦਰੇ ਕੀਤੇ ਅਤੇ ਆਪਣੀ ਆਪਸੀ ਵਚਨਬੱਧਤਾ ਦੁਹਰਾਈ ਕਿ ਉਹ ਆਪੋ-ਆਪਣੇ ਇਲਾਕਿਆਂ ਨੂੰ ਇਕ-ਦੂਜੇ ਪ੍ਰਤੀ ਨੁਕਸਾਨਦੇਹ ਗਤੀਵਿਧੀਆਂ ਲਈ ਇਸਤੇਮਾਲ ਕਰਨ ਦੀ ਇਜਾਜ਼ਤ ਨਹੀਂ ਦੇਣਗੇ। ਭਾਰਤੀ ਪੱਖ ਨੇ ਮਿਆਂਮਾਰ ਵੱਲੋਂ ਵਿਦਰੋਹੀ ਭਾਰਤੀ ਸਮੂਹਾਂ ਦੇ 22 ਕਾਰਕੁਨ ਭਾਰਤ ਹਵਾਲੇ ਕਰਨ ਲਈ ਇਸਦੀ ਸ਼ਲਾਘਾ ਕੀਤੀ।

ਭਾਰਤ ਨੇ ਚਿਨ ਰਾਜ ਵਿਚ ਬਯਾਨਯੁ / ਸਰਸਿਚੂਕ ਵਿਖੇ ਸਰਹੱਦੀ ਹਾਟ ਬ੍ਰਿਜ ਦੇ ਨਿਰਮਾਣ ਲਈ 20 ਲੱਖ ਅਮਰੀਕੀ ਡਾਲਰ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਹੈ, ਜਿਸ ਨਾਲ ਮਿਜ਼ੋਰਮ ਅਤੇ ਮਿਆਂਮਾਰ ਵਿਚਾਲੇ ਆਰਥਿਕ ਸੰਪਰਕ ਵਧੇਗਾ। 31 ਮਾਰਚ, 2021 ਤੱਕ ਮਿਆਂਮਾਰ ਤੋਂ ਆਯਾਤ ਲਈ 1.5 ਲੱਖ ਟਨ ਉੜਦ (ਵਿਗਮੂੰਗੋ) ਦਾ ਕੋਟਾ ਦੇਣ ਦਾ ਵੀ ਐਲਾਨ ਕੀਤਾ ਗਿਆ। ਮਾਈਟਕੀਨਾ ਵਿਖੇ ਸੈਂਟਰ ਆਫ਼ ਐਕਸੀਲੈਂਸ ਇਨ ਸਾੱਫਟਵੇਅਰ ਡਿਵੈਲਪਮੈਂਟ ਐਂਡ ਟ੍ਰੇਨਿੰਗ ਦਾ ਵਰਚੁਅਲ ਮਾਧਿਅਮ ਰਾਹੀਂ ਉਦਘਾਟਨ ਕੀਤਾ ਗਿਆ। FS ਨੇ ਮਿਆਂਮਾਰੀ ਵਿਦੇਸ਼ ਮੰਤਰਾਲੇ ਦੇ ਸਥਾਈ ਸੱਕਤਰ ਯੂ ਸੋਏ ਹਾਨ ਨਾਲ ਸਾਂਝੇ ਤੌਰ 'ਤੇ ਨਈ ਪਾਈ ਤਾਵ ਵਿੱਚ ਦੂਤਘਰ ਸੰਪਰਕ ਦਫਤਰ ਦਾ ਉਦਘਾਟਨ ਵੀ ਕੀਤਾ।

ਮਿਆਂਮਾਰੀ ਪੱਖ ਨੇ ਸਭਿਆਚਾਰਕ ਵਿਰਾਸਤ ਦੀ ਸਾਂਭ ਸੰਭਾਲ ਕਰਨ ਵਿੱਚ ਦਿੱਤੀ ਗਈ ਭਾਰਤੀ ਸਹਾਇਤਾ ਦੀ ਸ਼ਲਾਘਾ ਕੀਤੀ, ਜਿਸ ਵਿੱਚ ਬਾਗਾਨ ਪਗੋਡਾ ਦੀ ਮੁਰੰਮਤ ਅਤੇ ਸਾਂਭ ਸੰਭਾਲ ਸ਼ਾਮਲ ਹੈ, ਜੋ 2016 ਅੰਦਰ ਆਏ ਭੂਚਾਲ ਵਿੱਚ ਨੁਕਸਾਨੇ ਗਏ ਸਨ। ਦੋਵਾਂ ਧਿਰਾਂ ਨੇ ਲੋਕਮਾਨਿਆ ਤਿਲਕ ਦੀ 100ਵੀਂ ਬਰਸੀ ਦੀ ਯਾਦ ਵਿੱਚ ਮਾਂਡਲੇ ਅੰਦਰ ਉਨ੍ਹਾਂ ਦਾ ਇੱਕ ਬੁੱਤ ਸਥਾਪਤ ਕਰਨ ਦੀਆਂ ਯੋਜਨਾਵਾਂ ਬਾਰੇ ਵਿਚਾਰ ਵਟਾਂਦਰੇ ਕੀਤੇ ਕਿਉਂਕਿ ਮਾਂਡਲੇ ਜੇਲ੍ਹ ਵਿਚ ਆਪਣੀ ਕੈਦ ਦੌਰਾਨ ਹੀ ਲੋਕਮਾਨਿਆ ਤਿਲਕ ਨੇ ਭਗਵਦਗੀਤਾ ਦੀ ਵਿਆਖਿਆ **ਗੀਤਾ ਰਹਿਸਿਆ** ਲਿਖੀ ਸੀ। ਸਭਿਆਚਾਰ ਵਿੱਚ ਸਹਿਯੋਗ ਦੇ ਹੋਰ ਖੇਤਰਾਂ ਵਿੱਚ ਭਾਰਤੀ ਮਹਾਂਕਾਵਾਂ ਦਾ ਬਰਮੀ ਭਾਸ਼ਾ ਵਿੱਚ ਅਨੁਵਾਦ ਕਰਨਾ ਵੀ ਸ਼ਾਮਲ ਹੈ।

FS ਨੇ 21ਵੇਂ ਪੈਂਗਲੌਂਗ ਸ਼ਾਂਤੀ ਸੰਮੇਲਨ ਦੀ ਚੌਥੀ ਬੈਠਕ ਕਾਮਯਾਬੀ ਨਾਲ ਕਰਵਾਉਣ ਲਈ ਮਿਆਂਮਾਰ ਨੂੰ ਵਧਾਈ ਦਿੱਤੀ ਅਤੇ ਮਿਆਂਮਾਰ ਅੰਦਰ ਲੋਕਤੰਤਰ ਵੱਲ ਵਧਣ ਦੀ ਪ੍ਰਕ੍ਰਿਆ ਵਿੱਚ ਮਦਦ ਦੇਣ ਲਈ ਸੰਵਿਧਾਨਵਾਦ ਅਤੇ ਸੰਘਵਾਦ ਦੇ ਮਾਮਲੇ 'ਚ ਆਪਣੇ ਤਜ਼ਰਬੇ ਸਾਂਝੇ ਕਰਨ ਪ੍ਰਤੀ ਭਾਰਤ ਦੇ ਲਗਾਤਾਰ ਸਮਰਥਨ ਦਾ ਭਰੋਸਾ ਦੁਆਇਆ।

ਪਿਛਲੇ ਕੁਝ ਕੁ ਸਾਲਾਂ ਅੰਦਰ ਦੋਨਾਂ ਦੇਸ਼ਾਂ ਨੇ ਦੁਵੱਲੇ ਸਬੰਧਾਂ ਵਿੱਚ ਸ਼ਲਾਘਾਯੋਗ ਕਦਮ ਅੱਗੇ ਵਧਾਏ ਹਨ ਅਤੇ ਤੇਲ ਅਤੇ ਗੈਸ ਅਤੇ ਬਿਜਲੀ, ਬੁਨਿਆਦੀ ਢਾਂਚਾ ਅਤੇ ਫਾਰਮਾਸਿਉਟਿਕਲ ਵਿੱਚ ਨਵੇਂ ਨਿਵੇਸ਼ ਸਮੇਤ ਸਹਿਯੋਗ ਦੇ ਨਵੇਂ ਮੌਕਿਆਂ ਦੀ ਤਲਾਸ਼ ਕੀਤੀ ਹੈ। ਦੋਵੇਂ ਪੱਖ ਭਾਰਤੀ ਪਾਵਰ ਗਰਿੱਡ ਅਤੇ ਮਿਆਂਮਾਰ ਗਰਿੱਡ ਦਰਮਿਆਨ ਉੱਚ ਸਮਰੱਥਾ ਵਾਲਾ ਉੱਚ ਵੋਲਟੇਜ ਗਰਿੱਡ ਸਥਾਪਤ ਕਰਨ ਲਈ ਵਿਚਾਰ ਵਟਾਂਦਰੇ ਕਰਦੇ ਰਹੇ ਹਨ। ਉੱਤਰ-ਪੂਰਬੀ ਰਾਜਾਂ ਅਤੇ ਮਿਆਂਮਾਰ ਦਰਮਿਆਨ ਘੱਟ ਵੋਲਟੇਜ ਵਾਲੇ ਰੇਡੀਅਲ ਇੰਟਰ ਕਨੇਕਸ਼ਨ ਸਥਾਪਤ ਕਰਨ ਬਾਰੇ ਵਿਚਾਰ ਵਟਾਂਦਰੇ ਵੀ ਅੱਗੇ ਵਧੇ ਹਨ। ਸਮੁੰਦਰੀ ਅਤੇ ਬਿਪਦਾ ਪ੍ਰਬੰਧਨ ਦੇ ਖੇਤਰਾਂ ਅੰਦਰ ਭਾਈਵਾਲੀ ਵੀ ਵਧੀ ਹੈ. ਦੋਨਾਂ ਮੁਲਕਾਂ ਨੇ ਵੱਖ-ਵੱਖ ਖੇਤਰੀ ਅਤੇ ਬਹੁਪੱਖੀ ਮੰਚਾਂ 'ਤੇ ਸਹਿਯੋਗ ਕਰਨਾ ਜਾਰੀ ਰੱਖਿਆ ਹੈ। ਲੈਂਡ ਬਾਰਡਰ ਕਰਾਸਿੰਗ

ਸਮਝੌਤੇ ਦਾ ਕਾਮਯਾਬੀ ਨਾਲ ਲਾਗੂ ਕੀਤੇ ਜਾਣਾ ਅਤੇ ਭਾਰਤ-ਮਿਆਂਮਾਰ-ਥਾਈਲੈਂਡ ਤਿਕੋਣਾ ਮੋਟਰ ਵਾਹਨ ਸਮਝੌਤੇ 'ਤੇ ਚੱਲ ਰਹੇ ਵਿਚਾਰ-ਵਟਾਂਦਰੇ ਵਰਗੇ ਉਪਰਾਲਿਆਂ ਵਿੱਚ ਵੀ ਤਰੱਕੀ ਹੋਈ ਹੈ।

CoAS ਅਤੇ FS ਦੀ ਮਿਆਂਮਾਰ ਦੀ ਫੇਰੀ ਦੋਵਾਂ ਮੁਲਕਾਂ ਵੱਲੋਂ ਆਪਣੇ ਵੱਧ ਰਹੇ ਦੁਵੱਲੇ ਸੰਬੰਧਾਂ ਨੂੰ ਦਿੱਤੀ ਜਾਣ ਵਾਲੀ ਤਰਜੀਹ ਦੀ ਪ੍ਰਤੀਕ ਹੈ।

ਨਵੀਂ ਦਿਲੀ
5 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.